2024/66837
17/5/2024

ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ
ਕੰਪਲੇਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ
(ਸਪੋਰਟਸ ਸ਼ਾਖਾ)

ਵੱਲ

ਸਮੂਹ
ਜਿਲ੍ਹਾ ਸਿੱਖਿਆ ਅਫਸਰ(ਸੈਸਿ/ਐਸਿ)।

ਈ ਫਾਈਲ ਨੰਬਰ - 697922 ਸਪੋਰਟਸ /2024/21392
ਮਿਤੀ- 15-05-2024

ਵਿਸ਼ਾ: ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਪੱਤਰ ਮਿਤੀ 6-5-2024 ਦੀ ਪਾਲਣਾ ਯਕੀਨੀ ਬਣਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋ ਪ੍ਰਾਪਤ ਪੱਤਰ ਅਨੁਸਾਰ ਮਿਤੀ 6-5-2024 ਨੂੰ ਪ੍ਰਿੰਟ ਮੀਡੀਆ ਤੇ ਚੱਲ ਰਹੀ ਨਿਊਜ਼ ਮਹਾਰਾਸ਼ਟਰ ਦੇ ਪੂਨੇ ਵਿੱਚ 11 ਸਾਲ ਦੇ ਬੱਚੇ ਦੀ ਕ੍ਰਿਕਟ ਖੇਡਦੇ ਸਮੇਂ ਹੋਈ ਮੋਤ,ਸਬੰਧੀ ਖਬਰ ਦਾ ਕਮਿਸ਼ਨ ਵਲੋਂ ਸੂਮੋਟੋ ਨੋਟਿਸ ਲਿਆ ਗਿਆ ਜਿਸ ਵਿੱਚ ਦੱਸਿਆ ਗਿਆ ਹੈ ਕਿ ਕ੍ਰਿਕਟ ਖੇਡਦੇ ਸਮੇਂ ਬੱਚੇ ਨੇ ਸੇਫਟੀ ਕ੍ਰਿਕਟ ਕਿੱਟ ਨਹੀਂ ਪਹਿਨੀ ਸੀ। ਜਿਸ ਕਾਰਨ ਗੇਂਦ ਬੱਚੇ ਦੇ ਗੁਪਤ ਅੰਗ ਤੇ ਲੱਗਣ ਕਾਰਨ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਇਸ ਮੰਦਭਾਗੀ ਘਟਨਾ ਸਬੰਧੀ ਲਿਖਿਆ ਜਾਂਦਾ ਹੈ ਕਿ ਬੱਚਿਆਂ ਦੀ ਸੇਫਟੀ ਨੂੰ ਦੇਖਦੇ ਹੋਏ ਆਪਣੇ-2 ਜਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਬੱਚਿਆਂ ਦੇ ਕ੍ਰਿਕਟ ਖੇਡਣ ਅਤੇ ਪ੍ਰੈਕਟਿਸ ਕਰਨ ਸਮੇਂ ਇਹ ਸੁਨਿਸ਼ਚਿਤ ਕਰਨ ਕਿ ਬੱਚਿਆਂ ਦੇ ਨਿਰਧਾਰਤ ਸੇਫਟੀ ਕਿੱਟ ਪਹਿਨੀ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿਠ ਅੰਕਣ ਨੰ :ਜੀ-1/1( )2024/ 9103 ਮਿਤੀ:17/05/2024

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।